BRAMPTON

Media Release

ਤੁਰੰਤ ਰਿਲੀਜ ਲਈ

# ਨਿਊਕਮਰ ਬੱਸ ਟੂਰ ਤੇ ਬ੍ਰੈਂਪਟਨ ਵਿੱਚ ਘੁੰਮੋ!

ਬ੍ਰੈਂਪਟਨ, ਓਨਟੈਰੀਓ (27 ਜੁਲਾਈ, 2022) – ਜੋ ਨਿਵਾਸੀ 1 ਜਨਵਰੀ, 2019 ਤੋਂ ਬਾਅਦ ਬ੍ਰੈਂਪਟਨ ਵਿੱਚ ਆਏ ਹਨ, ਉਹ ਮੁਫਤ ਨਿਊਕਮਰ ਬੱਸ ਟੂਰ (Newcomer Bus Tour) ਕਰਨ ਲਈ ਯੋਗ ਹਨ। ਇਹ ਟੂਰ ਬ੍ਰੈਂਪਟਨ ਲਾਇਬ੍ਰੇਰੀ (Brampton Library) ਅਤੇ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਭਾਈਵਾਲੀ ਵਿੱਚ ਹੋ ਰਿਹਾ ਹੈ।

ਟੂਰ, 16 ਅਗਸਤ ਅਤੇ 18 ਅਗਸਤ ਨੂੰ ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 1 ਵਜੇ ਤੱਕ ਹੋਣਗੇ। ਨਿਵਾਸੀ ਔਨਲਾਈਨ, bramptonlibrary.ca ਤੇ ਜਾਂ 905.793.4636 ਤੇ ਫੋਨ ਕਰਕੇ ਰਜਿਸਟਰ ਕਰ ਸਕਦੇ ਹਨ।

ਟੂਰ ਦੀਆਂ ਝਲਕੀਆਂ ਵਿੱਚ ਸ਼ਾਮਲ ਹਨ, ਬ੍ਰੈਂਪਟਨ ਸਿਟੀ ਹਾਲ (Brampton City Hall), ਪਾਰਕ, ਹਸਪਤਾਲ, ਕਮਿਉਨਿਟੀ ਸੈਂਟਰ, ਬੱਸ ਅਤੇ ਟ੍ਰੇਨ ਸਟੇਸ਼ਨ ਅਤੇ ਲਾਇਬ੍ਰੇਰੀ ਬ੍ਰਾਂਚਾਂ। ਬ੍ਰੈਂਪਟਨ ਬਾਰੇ ਜਾਣੋ ਅਤੇ ਮਨਪਰਚਾਵੇ ਵਿੱਚ ਸ਼ਾਮਲ ਹੋਵੋ!

ਮਹਾਂਮਾਰੀ ਦੇ ਕਾਰਨ ਦੋ-ਸਾਲਾਂ ਦੀ ਰੋਕ ਦੇ ਬਾਅਦ ਵਾਪਸ ਆਉਣ ਵਾਲੇ, ਇਸ ਅਵਾਰਡ-ਜੇਤੂ ਟੂਰ ਨੂੰ ਅੰਗਸ ਮੋਵਾਟ ਅਵਾਰਡ ਫਾਰ ਐਕਸੀਲੈਂਸ ਇਨ ਪਬਲਿਕ ਲਾਇਬ੍ਰੇਰੀ ਸਰਵਿਸ (Angus Mowat Award for Excellence in Public Library Service), ਪਬਲਿਕ ਲਾਇਬ੍ਰੇਰੀ ਐਸੋਸੀਏਸ਼ਨ ਅਪਸਟਾਰਟ ਇਨੋਵੇਸ਼ਨ ਅਵਾਰਡ (Public Library Association Upstart Innovation Award) ਅਤੇ ਦ ਕੈਨੇਡਿਅਨ ਅਰਬਨ ਟ੍ਰਾਂਜ਼ਿਟ ਐਸੋਸੀਏਸ਼ਨ (ਸੀ.ਯੂ.ਟੀ.ਏ.) (The Canadian Urban Transit Association) (CUTA) ਵੱਲੋਂ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

**ਹਵਾਲੇ**

"ਸਿਟੀ ਆਫ ਬ੍ਰੈਂਪਟਨ ਨੂੰ, ਉਹਨਾਂ ਨਿਵਾਸੀਆਂ ਲਈ ਨਿਊਕਮਰ ਬੱਸ ਟੂਰ ਪ੍ਰਦਾਨ ਕਰਨ ਲਈ ਬ੍ਰੈਂਪਟਨ ਲਾਇਬ੍ਰੇਰੀ ਦੇ ਨਾਲ ਦੁਬਾਰਾ ਭਾਈਵਾਲੀ ਕਰਨ ਤੇ ਬੇਹੱਦ ਖੁਸ਼ੀ ਹੈ, ਜੋ 2019 ਤੋਂ ਬਾਅਦ ਸਾਡੀ ਕਮਿਉਨਿਟੀ ਵਿੱਚ ਆਏ ਹਨ। ਬ੍ਰੈਂਪਟਨ ਇੱਕ ਮੋਜ਼ੈਕ ਹੈ ਅਤੇ ਸਾਡਾ ਸ਼ਹਿਰ, ਵੰਨ-ਸੁਵੰਨੀ, ਮਲਟੀਕਲਚਰਲ, ਨੌਜਵਾਨ ਅਤੇ ਤੇਜ਼ੀ ਨਾਲ ਵਧਣ ਵਾਲੀ ਅਬਾਦੀ ਲਈ ਘਰ ਹੈ। ਇਹ ਟੂਰ, ਨਵੇਂ ਬ੍ਰੈਂਪਟਨਵਾਸੀਆਂ ਨੂੰ ਉਹਨਾਂ ਲਈ ਉਪਲਬਧ ਅਜਿਹੀਆਂ ਮਿਊਨਿਸਿਪਲ ਪੇਸ਼ਕਸ਼ਾਂ ਦਾ ਪਰਿਚੈ ਕਰਾਉਣ ਦਾ ਸ਼ਾਨਦਾਰ ਮੌਕਾ ਪ੍ਰਦਾਨ ਕਰਦੇ ਹਨ, ਜੋ ਉਹਨਾਂ ਦੀ ਜੀਵਨ ਕੁਆਲਿਟੀ ਵਿੱਚ ਸੁਧਾਰ ਕਰਨ ਲਈ ਕੰਮ ਕਰਦੀਆਂ ਹਨ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਨੂੰ, ਸਾਡੀਆਂ ਸਵਾਰੀਆਂ ਲਈ ਸੁਆਗਤੀ ਅਤੇ ਸ਼ਮੂਲੀਅਤ ਵਾਲਾ ਮਹੌਲ ਪ੍ਰਦਾਨ ਕਰਨ ਤੇ ਮਾਣ ਹੈ। ਇਹ ਟੂਰ ਨਵੇਂ ਆਉਣ ਵਾਲਿਆਂ ਲਈ, ਸਾਡੇ ਸਨੇਹਪੂਰਣ ਸਟਾਫ ਨੂੰ ਮਿਲਣ, ਸਵਾਲ ਪੁੱਛਣ ਅਤੇ ਸਾਡੇ ਵਿਆਪਕ ਪਬਲਿਕ ਟ੍ਰਾਂਜ਼ਿਟ ਨੈੱਟਵਰਕ ਦੇ ਫਾਇਦਿਆਂ ਅਤੇ ਸਹੂਲਤ ਦਾ ਅਨੁਭਵ ਕਰਨ ਦਾ ਸ਼ਾਨਦਾਰ ਤਰੀਕਾ ਹੈ।"

- *ਐਲੇਕਸ ਮਿਲੋਜੇਵਿਕ* (Alex Milojevic), *ਜਨਰਲ ਮੈਨੇਜਰ, ਬ੍ਰੈਂਪਟਨ ਟ੍ਰਾਂਜ਼ਿਟ*

"ਅਸੀਂ ਇਸ ਬੱਸ ਟੂਰ ਦੇ ਵਾਪਸ ਆਉਣ ਤੇ ਬਹੁਤ ਉਤਸ਼ਾਹਿਤ ਹਾਂ, ਜੋ ਸਾਡੇ ਬਿਲਕੁੱਲ ਨਵੇਂ ਨਿਵਾਸੀਆਂ ਨੂੰ, ਬ੍ਰੈਂਪਟਨ ਵਿੱਚ ਮੌਜੂਦ ਸਾਰੀਆਂ ਪੇਸ਼ਕਸ਼ਾਂ ਦਾ ਸੁਆਗਤੀ ਪਰਿਚੈ ਪ੍ਰਦਾਨ ਕਰਦਾ ਹੈ। ਇਹ, ਬ੍ਰੈਂਪਟਨ ਲਾਇਬ੍ਰੇਰੀ ਵੱਲੋਂ ਸਬੰਧਾਂ ਨੂੰ ਪ੍ਰੇਰਿਤ ਕਰਨ ਦਾ ਇੱਕ ਹੋਰ ਤਰੀਕਾ ਹੈ!"

- *ਟੌਡ ਕਾਇਲ* (Todd Kyle), *ਚੀਫ ਐਗਜ਼ੀਕਿਊਟਿਵ ਅਫਸਰ, ਬ੍ਰੈਂਪਟਨ ਲਾਇਬ੍ਰੇਰੀ*

-30-

**ਸਿਟੀ ਆਫ ਬ੍ਰੈਂਪਟਨ ਬਾਰੇ**

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਬ੍ਰੈਂਪਟਨ ਲਾਇਬ੍ਰੇਰੀ ਬਾਰੇ**

ਸਮੱਗਰੀ ਲੈਣ ਲਈ, ਆਪਣੇ ਬ੍ਰੈਂਪਟਨ ਲਾਇਬ੍ਰੇਰੀ ਕਾਰਡ ਨੰਬਰ ਅਤੇ ਪਿਨ ਦੇ ਨਾਲ ਉਹਨਾਂ ਨੂੰ ਔਨਲਾਈਨ ਰਾਖਵਾਂ ਕਰੋ (Reserve them online with your Brampton Library card number and PIN)। ਈਬੁੱਕਸ ਅਤੇ ਈ-ਲਰਨਿੰਗ ਸਮੇਤ, ਸਾਡੇ ਔਨਲਾਈਨ ਕਲੈਕਸ਼ਨਾਂ ਤੱਕ ਮੁਫਤ ਪਹੁੰਚ (free access to our online collections) ਬਾਰੇ ਜਾਣਕਾਰੀ ਪ੍ਰਾਪਤ ਕਰੋ। ਸਾਡੀਆਂ ਅੱਠ ਬ੍ਰਾਂਚਾਂ ਲਈ, ਸੰਚਾਲਨ ਦੇ ਘੰਟੇ (hours of operation) ਅਤੇ ਪੂਰੇ ਵੇਰਵੇ ਦੇਖੋ। ਸਾਡੇ, ਕੈਲੰਡਰ ਆਫ ਇਵੈਂਟਸ (calendar of events) ਦੇ ਦੁਆਰਾ ਹਰ ਉਮਰ ਅਤੇ ਰੁਚੀ ਵਾਲੇ ਵਿਅਕਤੀਆਂ ਲਈ ਵਿਅਕਤੀਗਤ ਅਤੇ ਵਰਚੁਅਲ (ਆਭਾਸੀ) ਪ੍ਰੋਗਰਾਮਾਂ ਲਈ ਰਜਿਸਟਰ ਕਰੋ ਅਤੇ ਸਾਡੇ ਈਮੇਲ ਅੱਪਡੇਟਸ ਲਈ ਸਬਸਕ੍ਰਾਈਬ ਕਰੋ (subscribe to our email updates)। ਸਾਨੂੰ Facebook, Twitter, Instagram, YouTube, ਅਤੇ LinkedIn ਤੇ ਫਾੱਲੋ ਕਰੋ ਅਤੇ iOS ਅਤੇ Google Play ਤੇ ਬ੍ਰੈਂਪਟਨ ਲਾਇਬ੍ਰੇਰੀ ਦਾ ਮੋਬਾਈਲ ਐਪ ਜ਼ਰੂਰ ਡਾਊਨਲੋਡ ਕਰੋ। ਸਾਡੇ ਐਪ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ (Learn more about our app)। ਸਾਡੇ ਸਟਾਫ ਦੇ ਨਾਲ ਲਾਈਵ ਚੈਟ ਜਾਂ ਸਵਾਲ ਪੁੱਛਣ ਲਈ, (live chat with our staff, or Ask A Question) ਸਾਡੀ ਵੈਬਸਾਈਟ ਤੇ ਜਾਓ। ਸਾਡੇ ਕੰਪਿਊਟਰ ਬੇਸਿਕਸ ਸਕਿੱਲ ਬਿਲਡਿੰਗ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ, 905-793-4636 ਤੇ ਫੋਨ ਕਰਕੇ ਜਾਂ ਕਿਸੇ ਵੀ ਬ੍ਰਾਂਚ ਵਿਖੇ, ਗਾਹਕ ਸੇਵਾ ਡੈਸਕ ਤੇ ਸਟਾਫ ਨਾਲ ਗੱਲ ਕਰਕੇ ਰਜਿਸਟਰ ਕਰੋ। ਆਪਣੇ ਬੱਚੇ ਨੂੰ ਪੜ੍ਹਨ ਵਾਸਤੇ ਤਿਆਰ ਕਰਨ ਵਿੱਚ ਮਦਦ ਲਈ ਸਾਡਾ, ਫੈਮਿਲੀ ਸਟੋਰੀਟਾਈਮ ਸ਼ੈਡਿਊਲ (Family Storytime schedule) ਦੇਖੋ!

**ਬ੍ਰੈਂਪਟਨ ਟ੍ਰਾਂਜ਼ਿਟ ਬਾਰੇ**

ਬ੍ਰੈਂਪਟਨ ਟ੍ਰਾਂਜ਼ਿਟ, ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਟ੍ਰਾਂਜ਼ਿਟ ਸਿਸਟਮਾਂ ਵਿੱਚੋਂ ਇੱਕ ਹੈ। ਸੁਵਿਧਾਜਨਕ ਅਤੇ ਪਹੁੰਚਯੋਗ, ਬ੍ਰੈਂਪਟਨ ਟ੍ਰਾਂਜ਼ਿਟ ਦੇ, 65 ਤੋਂ ਵੱਧ ਰੂਟ (more than 65 routes) ਹਨ, ਜੋ ਸ਼ਹਿਰ ਅਤੇ ਗਵਾਂਢੀ ਮਿਊਨਿਸਿਪਲਟੀਜ ਨੂੰ ਜੋੜਦੇ ਹਨ। ਸਵਾਰੀਆਂ ਆਪਣੀ ਟ੍ਰਿਪ ਦੀ ਯੋਜਨਾ ਐਡਵਾਂਸ ਵਿੱਚ, ਟ੍ਰਿਪਲਿੰਕਸ (Triplinx) ਦੇ ਨਾਲ ਬਣਾ ਸਕਦੀਆਂ ਹਨ। ਈ-ਨਿਊਜਲੈਟਰ (e-newsletter) ਲਈ ਸਾਈਨ ਅਪ ਕਰੋ ਜਾਂ ਬ੍ਰੈਂਪਟਨ ਟ੍ਰਾਂਜ਼ਿਟ ਨੂੰ, Twitter, Instagram ਅਤੇ Facebook ਤੇ ਫਾੱਲੋ ਕਰੋ। ਹੋਰ ਜਾਣਕਾਰੀ ਲਈ, bramptontransit.com ਤੇ ਜਾਓ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca

BRAMPTON

Media Release

ਬ੍ਰੈਂਪਟਨ ਲਾਇਬ੍ਰੇਰੀ

jdickenson@bramptonlibrary.ca